ਨੰ:1/11/2017-1ਪੀ.ਪੀ.1 1054135/1
ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪ੍ਰਸੋਨਲ ਪਾਲਿਸੀਜ਼-1ਸ਼ਾਖਾ)

ਮਿਤੀ, ਚੰਡੀਗੜ੍ਹ: 31-8-2017

ਸੇਵਾ ਵਿਖੇ

ਸਮੂਹ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਡਵੀਜਨਾਂ ਦੇ ਕਮਿਸ਼ਨਰ,
ਸਮੂਹ ਜਿਲ੍ਹਾ ਤੇ ਸੈਸ਼ਨਜ ਜੱਜ ਅਤੇ
ਸਮੂਹ ਡਿਪਟੀ ਕਮਿਸ਼ਨਰ,
ਪੰਜਾਬ ਰਾਜ ਵਿੱਚ।

ਵਿਸ਼ਾ:- ਪੰਜਾਬ ਸਿਵਲ ਸੇਵਾਵਾ(ਆਮ ਅਤੇ ਸ਼ਾਝੀਆਂ ਸ਼ਰਤਾਂ ਸੇਵਾਵਾ) ਨਿਯਮ, 1994 ਦੇ ਰੂਲ 7 ਦੇ ਉਪ ਨਿਯਮ 1 ਵਿੱਚ ਨੋਟੀਫਿਕੇਸ਼ਨ ਮਿਤੀ 5.09.2016 ਰਾਹੀ ਸਿੱਧੀ ਭਰਤੀ ਦੇ ਪਰਖਕਾਲ ਦਾ ਸਮਾਂ 2 ਸਾਲ ਤੋਂ ਵਧਾ ਕੇ 3 ਸਾਲ ਸਬੰਧੀ ਸਪੱਸ਼ਟੀਕਰਨ।

ਸ਼੍ਰੀਮਾਨ ਜੀ/ਸ਼੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਪ੍ਰਸੋਨਲ ਵਿਭਾਗ ਦੇ ਪੱਤਰ ਨੰ: 1/6/2016-4.ਪੀ.ਪੀ.1/834680/1 ਮਿਤੀ 7.09.2016 ਜਿਸ ਰਾਹੀ ਅਧਿਸੂਚਨਾ ਨੰ: G.S.R.56/Const./Art.309/Amd.(18)/2016 Dated 5.09.2016 ਦੀ ਕਾਪੀ ਭੇਜੀ ਗਈ ਸੀ ਵੱਲ ਦਵਾਉਂਦੇ ਹੋਏ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਉਕਤ ਅਧਿਸੂਚਨਾ ਅਨੁਸਾਰ ਸਿੱਧੀ ਭਰਤੀ ਰਾਹੀਂ ਨਿਯੁਕਤ ਕਰਮਚਾਰੀਆਂ/ਅਧਿਕਾਰੀਆਂ ਦਾ ਪਰਖਕਾਲ ਦਾ ਸਮਾਂ 2 ਸਾਲ ਤੋਂ ਵਧਾ ਕੇ 3 ਸਾਲ ਕੀਤਾ ਗਿਆ ਸੀ, ਜਿਸ ਸਬੰਧੀ ਕਾਨੂੰਨੀ ਮਸ਼ੀਰ ਦੀ ਸਲਾਹ ਪ੍ਰਾਪਤ ਕੀਤੀ ਗਈ ਸੀ। ਇਸ ਸਲਾਹ ਅਨੁਸਾਰ ਸਪੱਸ਼ਟ ਕੀਤਾ ਜਾਂਦਾ ਹੈ ਕਿ ਜਿਹਨਾਂ ਅਸਾਮੀਆਂ ਨੂੰ ਭਰਨ ਦੀ ਪ੍ਰਕ੍ਰਿਆ ਅਧਿਸੂਚਨਾ ਮਿਤੀ 5.9.2016 ਦੇ ਜਾਰੀ ਹੋਣ ਤੋਂ ਪਹਿਲਾਂ ਸ਼ੁਰੂ ਹੋ ਚੁੱਕੀ ਸੀ ਜਿਵੇ ਕਿ ਭਰਤੀ ਲਈ ਇਸ਼ਤਿਹਾਰ ਜਾਰੀ ਕਰ ਦਿੱਤਾ ਗਿਆ ਹੋਵੇ, ਟੈਸਟ ਜਾਂ ਇੰਟਰਵਿਊ ਹੋ ਚੁੱਕੀ ਹੋਵੇ ਪਰ ਹਾਜ਼ਰੀ ਰਿਪੋਰਟ ਬਾਅਦ ਵਿੱਚ ਦਿੱਤੀ ਗਈ ਹੋਵੇ, ਤਾਂ ਉਨ੍ਹਾਂ ਆਸਾਮੀਆਂ ਤੇ ਨਿਯੁਕਤ ਕਰਮਚਾਰੀਆਂ ਨੂੰ ਉਪਰੋਕਤ ਅਧਿਸੂਚਨਾ ਮਿਤੀ 5.09.2016 ਦੇ ਜਾਰੀ ਹੋਣ ਤੋਂ ਪਹਿਲਾਂ ਵਾਂਗ ਹੀ ਟਰੀਟ ਕੀਤਾ ਜਾਵੇਗਾ ਭਾਵ ਅਜਿਹੇ ਕੇਸਾਂ ਵਿੱਚ ਅਧਿਸੂਚਨਾ ਮਿਤੀ 5.09.2016 ਲਾਗੂ ਨਹੀਂ ਹੋਵੇਗੀ।

ਆਪ ਜੀ ਦਾ ਵਿਸ਼ਵਾਸਪਾਤਰ

Haahat

ਉਪ ਸਕੱਤਰ,
ਪ੍ਰਸੋਨਲ ਵਿਭਾਗ

ਪਿ.ਅੰ.ਨੰ.:1/11/2017-1ਪੀ.ਪੀ.1 1054135/2-3 ਮਿਤੀ, ਚੰਡੀਗੜ੍ਹ 31-8-2017

ਇਸ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਪ੍ਰਮੁੱਖ ਮਹਾਂਲੇਖਾਕਾਰ(ਆਡਿਟ), ਪੰਜਾਬ, ਚੰਡੀਗੜ੍ਹ।

Scanned by CamScanner